# India-Argentina Foreign Office Consultations

September 10, 2020

## ਭਾਰਤ-ਅਰਜਨਟੀਨਾ ਵਿਦੇਸ਼ ਦਫਤਰਾਂ ਵਿਚਕਾਰ ਸਲਾਹ-ਮਸ਼ਵਰੇ

10 ਸਤੰਬਰ, 2020

ਭਾਰਤ ਅਤੇ ਅਰਜਨਟੀਨਾ ਦਰਮਿਆਨ ਵਿਦੇਸ਼ ਦਫ਼ਤਤਾਂ ਦੇ 5ਵੇਂ ਸਲਾਹ-ਮਸ਼ਵਰੇ 10 ਸਤੰਬਰ, 2020 ਨੂੰ ਵੀਡੀਓ ਕਾਨਫਰੰਸ ਰਾਹੀਂ ਹੋਏ। ਭਾਰਤੀ ਪੱਖ ਦੀ ਅਗਵਾਈ ਸੈਕਟਰੀ (ਪੂਰਬ) ਸ਼੍ਰੀਮਤੀ ਵਿਜੇ ਠਾਕੁਰ ਸਿੰਘ ਨੇ ਕੀਤੀ। ਅਰਜਨਟੀਨਾ ਦੇ ਪੱਖ ਦੀ ਅਗਵਾਈ ਅਰਜਨਟੀਨਾ ਦੇ ਉਪ ਵਿਦੇਸ਼ ਮੰਤਰੀ ਸ਼੍ਰੀ ਪਾਬਲੋ ਐਨਸੇਲਮੋ ਟੇਟਾਮੈਂਟੀ ਨੇ ਕੀਤੀ।

ਇਸ ਵਿਚਾਰ ਵਟਾਂਦਰੇ ਦੌਰਾਨ ਦੋਵਾਂ ਧਿਰਾਂ ਨੇ ਆਪਣੀ ਰਣਨੀਤਕ ਭਾਈਵਾਲੀ ਦੇ ਢਾਂਚੇ ਅੰਦਰ ਦੁਵੱਲੇ ਸਹਿਯੋਗ ਦੇ ਸਮੁੱਚੇ ਵਿਸਥਾਰ ਦਾ ਜਾਇਜ਼ਾ ਲਿਆ। ਵਿਚਾਰ-ਵਟਾਂਦਰੇ ਵਿਚ ਰਾਜਨੀਤਿਕ, ਵਪਾਰ ਅਤੇ ਆਰਥਿਕ ਸਹਿਯੋਗ ਦੇ ਨਾਲ ਨਾਲ ਰੱਖਿਆ, ਪੁਲਾੜ, ਊਰਜਾ, ਵਿਗਿਆਨ ਅਤੇ ਤਕਨਾਲੋਜੀ, ਦਵਾਈਆਂ, ਖਾਨਾਂ, ਸਭਿਆਚਾਰ ਦੇ ਮਾਮਲੇ 'ਚ ਭਾਈਵਾਲੀ ਅਤੇ ਲੋਕਾਂ ਨਾਲ ਲੋਕਾਂ ਦੇ ਸੰਪਰਕ ਵਧਾਉਣਾ ਸ਼ਾਮਲ ਹੈ।

ਦੋਨਾਂ ਧਿਰਾਂ ਨੇ ਮੌਜੂਦਾ ਸਮਝੌਤਿਆਂ ਦੇ ਲਾਗੂ ਹੋਣ ਦੇ ਨਾਲ ਨਾਲ ਉਨ੍ਹਾਂ ਸਮਝੌਤਿਆਂ ਦੀ ਵੀ ਗੱਲ ਕੀਤੀ, ਜਿੰਨਾਂ ਬਾਰੇ ਅਜੇ ਗੱਲਬਾਤ ਹੋ ਰਹੀ ਹੈ ਅਤੇ ਦੁਵੱਲੀ ਸੰਸਥਾਗਤ ਪ੍ਰਣਾਲੀ ਦੀਆਂ ਨਿਯਮਤ ਮੀਟਿੰਗਾਂ ਸਮੇਤ ਦੁਵੱਲੇ ਏਜੰਡੇ ਨੂੰ ਅੱਗੇ ਲੈ ਜਾਣ ਉੱਤੇ ਸਹਿਮਤੀ ਦਿੱਤੀ। ਉਨ੍ਹਾਂ ਨੇ ਵਿਦੇਸ਼ ਮੰਤਰੀਆਂ ਦੇ ਪੱਧਰ 'ਤੇ ਸਾਂਝੇ ਕਮੀਸ਼ਨ ਦੀ ਬੈਠਕ ਜਲਦੀ ਹੀ ਕਰਾਉਣ ਉੱਤੇ ਸਹਿਮਤੀ ਦਿੱਤੀ।

ਦੋਵਾਂ ਧਿਰਾਂ ਨੇ ਸਾਂਝੇ ਹਿਤਾਂ ਦੇ ਖੇਤਰੀ ਅਤੇ ਕੌਮਾਂਤਰੀ ਮੁੱਦਿਆਂ 'ਤੇ ਵੀ ਵਿਚਾਰ ਵਟਾਂਦਰੇ ਕੀਤੇ ਅਤੇ ਬਹੁਪੱਖੀ ਖੇਤਰ ਵਿਚ ਭਾਈਵਾਲੀ ਵਧਾਉਣ ਉੱਤੇ ਸਹਿਮਤੀ ਦਿੱਤੀ। ਉਨ੍ਹਾਂ ਨੇ COVID -19 ਮਹਾਂਮਾਰੀ ਨਾਲ ਨਜਿੱਠਣ ਬਾਰੇ ਵਿਚਾਰ ਅਤੇ ਤਜ਼ਰਬੇ ਸਾਂਝੇ ਕੀਤੇ।

ਨਵੀਂ ਦਿਲੀ
10 ਸਤੰਬਰ, 2020

DISCLAIMER: This is an approximate translation. The original is available in English on MEA's website and may be referred to as the official press release.